# ਵਰਲਡ ਪੰਜਾਬੀ ਟਾਈਮਜ਼
# WORLD PUNJABI TIMES

A Punjabi News Protal & Epaper From Winnipeg, Canada

Visit us at : www.worldpunjabitimes.com

Mob: 7973333573, +1 (418) 887-0162, +1 (431) 458-6922

ਮੁੱਖ ਸੰਪਾਦਕ : ਡਾ. ਸੁਰਜੀਤ ਸਿੰਘ ਸਹਿ ਸੰਪਾਦਕ: ਨਵਜੋਤ ਬਿਲਿੰਗ ਬਿਊਰੋ ਚੀਫ ਕੈਨੇਡਾ : ਅਮਰਜੀਤ ਸਿੰਘ ਬਾਵਾ ਬਿਊਰੋ ਚੀਫ ਭਾਰਤ : ਗਗਨਦੀਪ ਗਿੱਲ

Epaper World Punjabi Times 17 ਸਤੰਬਰ 2026 ਦਿਨ ਵੀਰਵਾਰ ਈ-ਪੇਪਰ ਵਰਲਡ ਪੰਜਾਬੀ ਟਾਈਮਜ਼


## ਕੌਂਸਲਰ ਉਮੀਦਵਾਰ ਰਿੱਕੀ ਬਾਜਵਾ ਨੇ ਟੈਕਸ, ਸੜਕਾਂ, ਸੁਰੱਖਿਆ ਅਤੇ ਸਹੂਲਤਾਂ ਨੂੰ ਸ਼ਹਿਰ ਦੇ ਮੁੱਖ ਮੁੱਦੇ ਦੱਸਿਆ

ਵਰਲਡ ਪੰਜਾਬੀ ਟਾਈਮਜ਼ ਹਰਦਮ ਮਾਨ



ਸਰੀ, 17 ਸਤੰਬਰ : ਸਰੀ ਸਿਟੀ ਦੀਆਂ ਆ ਰਹੀਆਂ ਚੋਣਾਂ ਵਿੱਚ ਕੰਸਰਵੇਟਿਵ ਪਾਰਟੀ ਆਫ ਸਰੀ ਵੱਲੋਂ ਕੌਂਸਲਰ ਦੇ ਅਹੁਦੇ ਲਈ ਉਮੀਦਵਾਰ ਰਿੱਕੀ ਬਾਜਵਾ ਨੇ ਪੱਤਰਕਾਰਾਂ ਨਾਲ ਗੱਲਬਾਤ ਦੌਰਾਨ ਸ਼ਹਿਰ ਦੇ ਵਸਨੀਕਾਂ ਵੱਲੋਂ ਦਰਪੇਸ਼ ਮੁੱਖ ਸਮੱਸਿਆਵਾਂ ਦਾ ਜ਼ਿਕਰ ਕਰਦਿਆਂ ਪ੍ਰਾਪਰਟੀ ਟੈਕਸ, ਸੜਕਾਂ ਦੀ ਹਾਲਤ, ਟਰੈਫਿਕ, ਯੂਥ ਪ੍ਰੋਗਰਾਮਾਂ ਅਤੇ ਕਾਨੂੰਨ-ਵਿਵਸਥਾ ਨੂੰ ਅਹਿਮ ਮੁੱਦੇ ਦੱਸਿਆ।

ਸ. ਬਾਜਵਾ ਨੇ ਕਿਹਾ ਕਿ ਸ਼ਹਿਰ ਵਿੱਚ ਚੱਲ ਰਹੇ ਰੋਡ ਕੰਸਟਰਕਸ਼ਨ ਕਾਰਨ ਖਾਸ ਕਰਕੇ ਸਕੂਲ ਅਤੇ ਕੰਮ ’ਤੇ ਜਾਣ ਵਾਲੇ ਲੋਕਾਂ ਨੂੰ ਟਰੈਫਿਕ ਜਾਮ ਦਾ ਸਾਹਮਣਾ ਕਰਨਾ ਪੈਂਦਾ ਹੈ ਅਤੇ ਉਨ੍ਹਾਂ ਦਾ ਕਾਫ਼ੀ ਸਮਾਂ ਬਰਬਾਦ ਹੁੰਦਾ ਹੈ। ਉਨ੍ਹਾਂ ਅਨੁਸਾਰ ਪ੍ਰਾਪਰਟੀ ਦੀਆਂ ਕੀਮਤਾਂ ਵਿੱਚ ਆਈ ਕਮੀ ਦੇ ਬਾਵਜੂਦ ਪ੍ਰਾਪਰਟੀ ਟੈਕਸ ਵਧਣ ਕਾਰਨ ਘਰਾਂ ਦੇ ਮਾਲਕਾਂ ਅਤੇ ਖਾਸ ਕਰਕੇ ਕਮਰਸ਼ੀਅਲ ਤੇ ਰਿਟੇਲ ਕਾਰੋਬਾਰਾਂ ’ਤੇ ਵਿੱਤੀ ਬੋਝ ਵਧਿਆ ਹੈ।

ਯੂਥ ਲਈ ਸਹੂਲਤਾਂ ਦਾ ਜ਼ਿਕਰ ਕਰਦਿਆਂ ਉਨ੍ਹਾਂ ਕਿਹਾ ਕਿ ਮਾਪਿਆਂ ਵੱਲੋਂ ਬੱਚਿਆਂ ਲਈ ਖੇਡਾਂ ਅਤੇ ਹੋਰ ਗਤੀਵਿਧੀਆਂ ਨਾਲ ਸਬੰਧਤ ਪ੍ਰੋਗਰਾਮਾਂ ਦੀ ਘਾਟ ਬਾਰੇ ਚਿੰਤਾ ਜ਼ਾਹਰ ਕੀਤੀ ਜਾ ਰਹੀ ਹੈ। ਉਨ੍ਹਾਂ ਰਿਕ ਸੈਂਟਰਾਂ ਵਿੱਚ ਸਵਿਮਿੰਗ ਸਮੇਤ ਹੋਰ ਸਹੂਲਤਾਂ ਅਤੇ ਨਵੇਂ ਰਿਕ ਸੈਂਟਰਾਂ ਦੀ ਲੋੜ ’ਤੇ ਵੀ ਜ਼ੋਰ ਦਿੱਤਾ। ਰਿੱਕੀ ਬਾਜਵਾ ਨੇ ਸਰੀ ਵਿੱਚ ਐਕਸਟੌਰਸ਼ਨ ਅਤੇ ਗੈਂਗ ਹਿੰਸਾ ਦੇ ਮਾਮਲਿਆਂ ਨੂੰ ਵੀ ਗੰਭੀਰ ਮੁੱਦਾ ਦੱਸਿਆ। ਉਨ੍ਹਾਂ ਕਿਹਾ ਕਿ ਉਨ੍ਹਾਂ ਦੀ ਟੀਮ ਨੇ ਇਸ ਸਮੱਸਿਆ ਵਿਰੁੱਧ ਪਹਿਲਾਂ ਵੀ ਆਵਾਜ਼ ਉਠਾਈ ਅਤੇ ਪ੍ਰਦਰਸ਼ਨ ਕੀਤੇ ਹਨ। ਉਨ੍ਹਾਂ ਦੇ ਅਨੁਸਾਰ, ਜੇਕਰ ਉਨ੍ਹਾਂ ਦੀ ਟੀਮ ਚੋਣ ਜਿੱਤ ਕੇ ਕੌਂਸਲ ਵਿੱਚ ਆਉਂਦੀ ਹੈ ਤਾਂ ਸਿਟੀ ਪੱਧਰ ’ਤੇ 600 ਪੁਲਿਸ ਅਫਸਰਾਂ ਦੀ ਭਰਤੀ ਕਰਨ ਦੀ ਯੋਜਨਾ ਹੈ।

ਆਪਣੀ ਚੋਣ ਮੁਹਿੰਮ ਦੀਆਂ ਤਜਵੀਜ਼ਾਂ ਬਾਰੇ ਉਨ੍ਹਾਂ ਕਿਹਾ ਕਿ ਉਨ੍ਹਾਂ ਦੀ ਟੀਮ ਪਹਿਲੇ ਸਾਲ ਪ੍ਰਾਪਰਟੀ ਟੈਕਸ ਵਿੱਚ 600 ਡਾਲਰ ਦੀ ਕਮੀ ਅਤੇ ਅਗਲੇ ਚਾਰ ਸਾਲਾਂ ਲਈ ਪ੍ਰਾਪਰਟੀ ਟੈਕਸ ਵਿੱਚ ਵਾਧਾ ਨਾ ਕਰਨ ਦੀ ਨੀਤੀ ਲਿਆਉਣ ਦਾ ਵਾਅਦਾ ਕਰ ਰਹੀ ਹੈ। ਉਨ੍ਹਾਂ ਕਮਰਸ਼ੀਅਲ ਅਤੇ ਰਿਟੇਲ ਪ੍ਰਾਪਰਟੀ ਟੈਕਸ ਨੂੰ ਵੀ ਚਾਰ ਸਾਲਾਂ ਲਈ ਸਥਿਰ ਰੱਖਣ ਦੀ ਗੱਲ ਕਹੀ।

ਉਨ੍ਹਾਂ ਦੱਸਿਆ ਕਿ ਉਨ੍ਹਾਂ ਦੀ ਟੀਮ ਵੱਲੋਂ ‘ਕਨੈਕਸ਼ਨ ਹੱਬ’ ਬਣਾਉਣ ਦੀ ਤਜਵੀਜ਼ ਹੈ, ਜਿਸ ਤਹਿਤ ਸਰੀ ਨੂੰ ਅੱਠ ਹਿੱਸਿਆਂ ਵਿੱਚ ਵੰਡ ਕੇ ਕੌਂਸਲ ਮੈਂਬਰਾਂ ਅਤੇ ਸਿਟੀ ਸਟਾਫ਼ ਰਾਹੀਂ ਲੋਕਾਂ ਦੀਆਂ ਸਮੱਸਿਆਵਾਂ ਸੁਣਨ ਅਤੇ ਉਨ੍ਹਾਂ ਦੇ ਹੱਲ ਲਈ ਸਿੱਧੀ ਪਹੁੰਚ ਮੁਹੱਈਆ ਕਰਵਾਈ ਜਾਵੇਗੀ। ਇਸ ਤੋਂ ਇਲਾਵਾ ਯੂਥ ਲਈ ਸਪੋਰਟਸ ਅਤੇ ਸਕਾਲਰਸ਼ਿਪ ਪ੍ਰੋਗਰਾਮ ਸ਼ੁਰੂ ਕਰਨ ਅਤੇ ਆਰਥਿਕ ਤੌਰ ’ਤੇ ਕਮਜ਼ੋਰ ਪਰਿਵਾਰਾਂ ਦੇ ਬੱਚਿਆਂ ਨੂੰ ਕੋਚਿੰਗ ਮੁਹੱਈਆ ਕਰਵਾਉਣ ਦੀ ਯੋਜਨਾ ਵੀ ਉਨ੍ਹਾਂ ਨੇ ਸਾਂਝੀ ਕੀਤੀ।

## ਡਿਪਟੀ ਕਮਿਸ਼ਨਰ ਵੱਲੋਂ ਭਗਵਾਨ ਮਹਾਂਵੀਰ ਸਿਵਲ ਹਸਪਤਾਲ ਦਾ ਦੌਰਾ, ਸਿਹਤ ਸਹੂਲਤਾਂ ਅਤੇ ਮਰੀਜ਼ਾਂ ਦੀ ਦੇਖਭਾਲ ਦਾ ਲਿਆ ਜਾਇਜ਼ਾ

ਵਰਲਡ ਪੰਜਾਬੀ ਟਾਈਮਜ਼



ਲੁਧਿਆਣਾ, 17 ਸਤੰਬਰ : ਡਿਪਟੀ ਕਮਿਸ਼ਨਰ ਲੁਧਿਆਣਾ ਵੱਲੋਂ ਅੱਜ ਭਗਵਾਨ ਮਹਾਂਵੀਰ ਸਿਵਲ ਹਸਪਤਾਲ, ਲੁਧਿਆਣਾ ਦਾ ਦੌਰਾ ਕਰਕੇ ਹਸਪਤਾਲ ਵਿੱਚ ਮਰੀਜ਼ਾਂ ਨੂੰ ਮੁਹੱਈਆ ਕਰਵਾਈਆਂ ਜਾ ਰਹੀਆਂ ਸਿਹਤ ਸਹੂਲਤਾਂ, ਮਰੀਜ਼ਾਂ ਦੀ ਦੇਖਭਾਲ ਸੇਵਾਵਾਂ ਅਤੇ ਹਸਪਤਾਲ ਦੇ ਸਮੁੱਚੇ ਕੰਮਕਾਜ ਦਾ ਜਾਇਜ਼ਾ ਲਿਆ ਗਿਆ। ਇਸ ਦੌਰੇ ਦਾ ਮੁੱਖ ਉਦੇਸ਼ ਸਿਹਤ ਸੇਵਾਵਾਂ ਦੀ ਗੁਣਵੱਤਾ ਦਾ ਮੁਲਾਂਕਣ ਕਰਨਾ ਅਤੇ ਮਰੀਜ਼ਾਂ ਨੂੰ ਬਿਹਤਰ ਡਾਕਟਰੀ ਸਹੂਲਤਾਂ ਯਕੀਨੀ ਬਣਾਉਣਾ ਸੀ। ਦੌਰੇ ਦੌਰਾਨ ਡਿਪਟੀ ਕਮਿਸ਼ਨਰ ਨੇ ਹਸਪਤਾਲ ਪ੍ਰਸ਼ਾਸਨ ਅਤੇ ਸਿਹਤ ਸੰਭਾਲ ਸਟਾਫ ਨਾਲ ਗੱਲਬਾਤ ਕੀਤੀ ਅਤੇ ਹਸਪਤਾਲ ਵਿੱਚ ਉਪਲਬਧ ਜ਼ਰੂਰੀ ਸਹੂਲਤਾਂ, ਮਰੀਜ਼ਾਂ ਦੀ ਦੇਖਭਾਲ ਅਤੇ ਰੋਜ਼ਾਨਾ ਦੇ ਕੰਮਕਾਜ ਬਾਰੇ ਜਾਣਕਾਰੀ ਹਾਸਲ ਕੀਤੀ। ਉਨ੍ਹਾਂ ਵੱਲੋਂ ਸਿਹਤ ਸੇਵਾਵਾਂ ਦੀ ਸੁਚਾਰੂ ਅਤੇ ਕੁਸ਼ਲ ਡਿਲੀਵਰੀ ਨੂੰ ਯਕੀਨੀ ਬਣਾਉਣ ਦੇ ਨਾਲ-ਨਾਲ ਸਫਾਈ, ਪ੍ਰਬੰਧਕੀ ਕਾਰਜਾਂ ਅਤੇ ਮਰੀਜ਼-ਕੇਂਦ੍ਰਿਤ ਦੇਖਭਾਲ ਨੂੰ ਤਰਜੀਹ ਦੇਣ ’ਤੇ ਜ਼ੋਰ ਦਿੱਤਾ ਗਿਆ।

ਡਿਪਟੀ ਕਮਿਸ਼ਨਰ ਨੇ ਕਿਹਾ ਕਿ ਸਰਕਾਰੀ ਹਸਪਤਾਲਾਂ ਵਿੱਚ ਆਉਣ ਵਾਲੇ ਮਰੀਜ਼ਾਂ ਨੂੰ ਸਮੇਂ ਸਿਰ ਅਤੇ ਗੁਣਵੱਤਾ ਭਰਪੂਰ ਡਾਕਟਰੀ ਸੇਵਾਵਾਂ ਪ੍ਰਦਾਨ ਕਰਨਾ ਬੇਹੱਦ ਮਹੱਤਵਪੂਰਨ ਹੈ। ਉਨ੍ਹਾਂ ਸਬੰਧਤ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਹਸਪਤਾਲ ਵਿੱਚ ਮਰੀਜ਼ਾਂ ਦੀ ਸਹੂਲਤ ਲਈ ਲੋੜੀਂਦੇ ਪ੍ਰਬੰਧ ਯਕੀਨੀ ਬਣਾਏ ਜਾਣ ਅਤੇ ਸਿਹਤ ਸੇਵਾਵਾਂ ਪ੍ਰਦਾਨ ਕਰਨ ਦੌਰਾਨ ਆਉਣ ਵਾਲੀਆਂ ਮੁਸ਼ਕਲਾਂ ਦਾ ਸਮੇਂ ਸਿਰ ਹੱਲ ਕੀਤਾ ਜਾਵੇ।

ਉਨ੍ਹਾਂ ਹਸਪਤਾਲ ਦੇ ਵੱਖ-ਵੱਖ ਵਿਭਾਗਾਂ ਵਿਚਕਾਰ ਬਿਹਤਰ ਤਾਲਮੇਲ ਬਣਾਈ ਰੱਖਣ ਅਤੇ ਕੰਮਕਾਜ ਨੂੰ ਹੋਰ ਪ੍ਰਭਾਵਸ਼ਾਲੀ ਬਣਾਉਣ ਲਈ ਲੋੜੀਂਦੇ ਕਦਮ ਚੁੱਕਣ ਦੇ ਨਿਰਦੇਸ਼ ਵੀ ਦਿੱਤੇ। ਉਨ੍ਹਾਂ ਕਿਹਾ ਕਿ ਹਸਪਤਾਲ ਵਿੱਚ ਸਫਾਈ ਦੇ ਮਿਆਰਾਂ ਨੂੰ ਕਾਇਮ ਰੱਖਣ ਅਤੇ ਮਰੀਜ਼ਾਂ ਨੂੰ ਸੁਖਾਵਾਂ ਮਾਹੌਲ ਪ੍ਰਦਾਨ ਕਰਨ ਵੱਲ ਵਿਸ਼ੇਸ਼ ਧਿਆਨ ਦਿੱਤਾ ਜਾਣਾ ਚਾਹੀਦਾ ਹੈ।

ਇਸ ਮੌਕੇ ਸਿਵਲ ਸਰਜਨ ਡਾ. ਰਮਨਦੀਪ ਕੌਰ, ਡਿਪਟੀ ਮੈਡੀਕਲ ਕਮਿਸ਼ਨਰ ਡਾ. ਵਰੁਣ ਸੱਗਰ, ਸੀਨੀਅਰ ਮੈਡੀਕਲ ਅਫਸਰ ਡਾ. ਅਖਿਲ ਸਰੀਨ, ਡਾ. ਰੋਹਿਤ ਰਾਮਪਾਲ ਅਤੇ ਗਵਰਨੈਂਸ ਐਸੋਸੀਏਟ ਸ੍ਰੀਮਤੀ ਸ਼ਵੇਤਾ ਸ਼ਰਮਾ ਵੀ ਮੌਜੂਦ ਸਨ। ਡਿਪਟੀ ਕਮਿਸ਼ਨਰ ਦਾ ਇਹ ਦੌਰਾ ਸਿਹਤ ਸੰਭਾਲ ਬੁਨਿਆਦੀ ਢਾਂਚੇ ਦੀ ਸਮੀਖਿਆ ਕਰਨ ਅਤੇ ਹਸਪਤਾਲ ਵਿੱਚ ਮਰੀਜ਼ਾਂ ਨੂੰ ਪਹੁੰਚਯੋਗ, ਕੁਸ਼ਲ ਅਤੇ ਗੁਣਵੱਤਾ ਭਰਪੂਰ ਡਾਕਟਰੀ ਸੇਵਾਵਾਂ ਮੁਹੱਈਆ ਕਰਵਾਉਣ ਲਈ ਪ੍ਰਬੰਧਾਂ ਨੂੰ ਹੋਰ ਸੁਚਾਰੂ ਬਣਾਉਣ ਦੇ ਉਦੇਸ਼ ਨਾਲ ਕੀਤਾ ਗਿਆ।

## ਜੇਲ੍ਹ ਵਾਰਡਰ ਪ੍ਰਭਜੋਤ ਸਿੰਘ ਨੇ ‘ਨੈਸ਼ਨਲ ਸੀਨੀਅਰ ਕਿੱਕਬਾਕਸਿੰਗ ਚੈਂਪੀਅਨਸ਼ਿਪ’ ਵਿੱਚ ਜਿੱਤਿਆ ਸੋਨ ਤਗ਼ਮਾ

ਵਰਲਡ ਪੰਜਾਬੀ ਟਾਈਮਜ਼




ਪਟਿਆਲਾ, 17 ਸਤੰਬਰ : ਪੰਜਾਬ ਜੇਲ੍ਹ ਵਿਭਾਗ ਦੇ ਨਾਂ ਇੱਕ ਹੋਰ ਵੱਡੀ ਰਾਸ਼ਟਰੀ ਪ੍ਰਾਪਤੀ ਜੁੜ ਗਈ ਹੈ। ਵਿਭਾਗ ਵਿੱਚ ਬਤੌਰ ਵਾਰਡਰ ਤਾਇਨਾਤ ਪ੍ਰਭਜੋਤ ਸਿੰਘ ਨੇ ਮੱਧ ਪ੍ਰਦੇਸ਼ ਦੇ ਇੰਦੌਰ ਸ਼ਹਿਰ ਵਿਖੇ 8 ਸਤੰਬਰ 2026 ਤੋਂ ਕਰਵਾਈ ‘ਨੈਸ਼ਨਲ ਸੀਨੀਅਰ ਕਿੱਕਬਾਕਸਿੰਗ ਚੈਂਪੀਅਨਸ਼ਿਪ’ ਵਿੱਚ ਸ਼ਾਨਦਾਰ ਪ੍ਰਦਰਸ਼ਨ ਕਰਦੇ ਹੋਏ ਸੋਨੇ ਦਾ ਤਗ਼ਮਾ ਜਿੱਤ ਕੇ ਸੂਬੇ ਅਤੇ ਵਿਭਾਗ ਦਾ ਨਾਂ ਰੌਸ਼ਨ ਕੀਤਾ ਹੈ।

ਟ੍ਰੇਨਿੰਗ ਪੰਜਾਬ ਜੇਲ੍ਹ ਟ੍ਰੇਨਿੰਗ ਸਕੂਲ, ਪਟਿਆਲਾ ਦੇ ਪ੍ਰਿੰਸੀਪਲ ਵਰੁਣ ਸ਼ਰਮਾ ਨੇ ਵਧਾਈ ਦਿੰਦਿਆਂ ਦੱਸਿਆ ਕਿ ਵਾਰਡਰ ਪ੍ਰਭਜੋਤ ਸਿੰਘ ਨੇ ਇਹ ਸਖ਼ਤ ਟ੍ਰੇਨਿੰਗ ਪੰਜਾਬ ਜੇਲ੍ਹ ਟ੍ਰੇਨਿੰਗ ਸਕੂਲ, ਪਟਿਆਲਾ ਵਿਖੇ ਵਿਭਾਗ ਦੇ ਇੰਸਟ੍ਰਕਟਰ ਬਲਵੀਰ ਸਿੰਘ ਦੀ ਯੋਗ ਅਗਵਾਈ ਅਤੇ ਦੇਖ-ਰੇਖ ਹੇਠ ਹਾਸਲ ਕੀਤੀ ਹੈ। ਉਨ੍ਹਾਂ ਕਿਹਾ ਕਿ ਪ੍ਰਭਜੋਤ ਸਿੰਘ ਦੀ ਇਸ ਜਿੱਤ ਨੇ ਵਿਭਾਗ ਦੇ ਹੋਰਨਾਂ ਮੁਲਾਜ਼ਮਾਂ ਲਈ ਵੀ ਖੇਡਾਂ ਦੇ ਖੇਤਰ ਵਿੱਚ ਅੱਗੇ ਵਧਣ ਦਾ ਇੱਕ ਨਵਾਂ ਰਾਹ ਦਸੇਰਾ ਬਣਾਇਆ ਹੈ। ਵਰੁਣ ਸ਼ਰਮਾ ਨੇ ਜੇਤੂ ਖਿਡਾਰੀ ਪ੍ਰਭਜੋਤ ਸਿੰਘ ਅਤੇ ਉਨ੍ਹਾਂ ਦੇ ਕੋਚ ਬਲਵੀਰ ਸਿੰਘ ਨੂੰ ਮੁਬਾਰਕਬਾਦ ਦਿੱਤੀ ਤੇ ਕਿਹਾ ਕਿ ਵਿਭਾਗ ਨੂੰ ਆਪਣੇ ਅਜਿਹੇ ਹੋਣਹਾਰ ਮੁਲਾਜ਼ਮਾਂ ‘ਤੇ ਮਾਣ ਹੈ, ਜੋ ਡਿਊਟੀ ਦੇ ਨਾਲ-ਨਾਲ ਖੇਡਾਂ ਦੇ ਖੇਤਰ ਵਿੱਚ ਵੀ ਰਾਸ਼ਟਰੀ ਪੱਧਰ ‘ਤੇ ਮੱਲਾਂ ਮਾਰ ਰਹੇ ਹਨ।

ਉਨ੍ਹਾਂ ਉਮੀਦ ਜਤਾਈ ਕਿ ਪ੍ਰਭਜੋਤ ਸਿੰਘ ਭਵਿੱਖ ਵਿੱਚ ਅੰਤਰਰਾਸ਼ਟਰੀ ਪੱਧਰ ‘ਤੇ ਵੀ ਦੇਸ਼ ਅਤੇ ਪੰਜਾਬ ਦਾ ਨਾਂ ਚਮਕਾਉਣਗੇ। ਇਸ ਮੌਕੇ ਵਾਈਸ ਪ੍ਰਿੰਸੀਪਲ ਮੁਕੇਸ਼ ਸ਼ਰਮਾ ਵੀ ਮੌਜੂਦ ਸਨ।

## ਕੇਂਦਰੀ ਪੰਜਾਬੀ ਲੇਖਕ ਸਭਾ ਵੱਲੋਂ ਪੁਸਤਕ ਰਿਲੀਜ਼ ਸਮਾਗਮ ਅਤੇ ਕਵੀ ਦਰਬਾਰ

### ‘ਕਿੱਸਾ ਸ਼ੀਰੀਂ ਫਰਿਹਾਦ ਤੇ ਕਾਕਾ ਪ੍ਰਤਾਪੀ’ ਅਤੇ ‘ਤਾਰਿਆਂ ਦੀ ਮਹਿਫ਼ਿਲ’ ਪੁਸਤਕਾਂ ਲੋਕ ਅਰਪਣ

ਵਰਲਡ ਪੰਜਾਬੀ ਟਾਈਮਜ਼ ਹਰਦਮ ਮਾਨ




ਸਰੀ 17 ਸਤੰਬਰ :ਕੇਂਦ ਰੀ ਪੰਜਾਬੀ ਲੇਖਕ ਸਭਾ (ਉੱਤਰੀ ਅਮਰੀਕਾ) ਵੱਲੋਂ ਇੰਡੋ-ਕੈਨੇਡੀਅਨ ਸੀਨੀਅਰ ਸਿਟੀਜ਼ਨ ਸੈਂਟਰ, ਸਰੀ ਵਿਖੇ ਆਪਣੀ ਮਾਸਿਕ ਇਕੱਤਰਤਾ ਦੌਰਾਨ ਇੱਕ ਯਾਦਗਾਰੀ ਸਾਹਿਤਕ ਸਮਾਗਮ ਕਰਵਾਇਆ ਗਿਆ। ਸਮਾਗਮ ਦੌਰਾਨ ਪ੍ਰਸਿੱਧ ਕਵੀਸ਼ਰ ਅਤੇ ਸਾਰੰਗੀ ਵਾਦਕ ਚਮਕੌਰ ਸਿੰਘ ਸੇਖੋਂ ਦੀ ਨਵ-ਪ੍ਰਕਾਸ਼ਿਤ ਪੁਸਤਕ ‘ਕਿੱਸਾ ਸ਼ੀਰੀਂ ਫਰਿਹਾਦ ਤੇ ਕਾਕਾ ਪ੍ਰਤਾਪੀ’ ਅਤੇ ਵੀਤ ਬਾਦਸ਼ਾਹਪੁਰੀ ਦੁਆਰਾ ਸੰਪਾਦਿਤ ਕਾਵਿ-ਸੰਗ੍ਰਹਿ ‘ਤਾਰਿਆਂ ਦੀ ਮਹਿਫ਼ਿਲ’ ਰਿਲੀਜ਼ ਕੀਤੇ ਗਏ।

ਸਮਾਗਮ ਦੀ ਪ੍ਰਧਾਨਗੀ ਸਭਾ ਦੇ ਪ੍ਰਧਾਨ ਪ੍ਰਿਤਪਾਲ ਗਿੱਲ, ਚਮਕੌਰ ਸਿੰਘ ਸੇਖੋਂ, ਵੀਤ ਬਾਦਸ਼ਾਹਪੁਰੀ ਅਤੇ ਦਰਸ਼ਨ ਸੰਘਾ ਨੇ ਸਾਂਝੇ ਤੌਰ ’ਤੇ ਕੀਤੀ। ਸਮਾਗਮ ਦੇ ਆਰੰਭ ਵਿੱਚ ਪ੍ਰਿਤਪਾਲ ਗਿੱਲ ਨੇ ਦੋਵਾਂ ਪੁਸਤਕਾਂ ਅਤੇ ਉਨ੍ਹਾਂ ਦੇ ਰਚਨਾਕਾਰਾਂ ਬਾਰੇ ਸੰਖੇਪ ਜਾਣ-ਪਛਾਣ ਕਰਵਾਈ। ਇਸ ਉਪਰੰਤ ਡਾ. ਦਵਿੰਦਰ ਕੌਰ ਨੇ ਚਮਕੌਰ ਸਿੰਘ ਸੇਖੋਂ ਦੀ ਪੁਸਤਕ ਬਾਰੇ ਆਪਣਾ ਪਰਚਾ ਪੜ੍ਹਿਆ, ਜਦਕਿ ਹਰਵਿੰਦਰ ਕੌਰ ਨੇ ‘ਤਾਰਿਆਂ ਦੀ ਮਹਿਫ਼ਿਲ’ ਬਾਰੇ ਆਪਣੇ ਵਿਚਾਰ ਸਾਂਝੇ ਕੀਤੇ।

ਇਸ ਮੌਕੇ ਪ੍ਰੋ. ਕਸ਼ਮੀਰਾ ਸਿੰਘ ਗਿੱਲ, ਹਰਜਿੰਦਰ ਸਿੰਘ ਥਿੰਦ ਅਤੇ ਪ੍ਰਿੰ. ਮਲੂਕ ਚੰਦ ਕਲੇਰ ਨੇ ਦੋਵਾਂ ਪੁਸਤਕਾਂ ਦੇ ਲੇਖਕਾਂ ਨੂੰ ਮੁਬਾਰਕਬਾਦ ਦਿੰਦਿਆਂ ਪੰਜਾਬੀ ਸਾਹਿਤ ਦੇ ਵਿਕਾਸ ਵਿੱਚ ਅਜਿਹੇ ਉਪਰਾਲਿਆਂ ਦੀ ਮਹੱਤਤਾ ਬਾਰੇ ਆਪਣੇ ਵਿਚਾਰ ਪ੍ਰਗਟ ਕੀਤੇ।

ਸਮਾਗਮ ਦੇ ਦੂਜੇ ਦੌਰ ਵਿੱਚ ਲੋਕ-ਕਾਵਿ ਅਤੇ ਕਵੀਸ਼ਰੀ ਦੀ ਰੰਗਤ ਵੇਖਣ ਨੂੰ ਮਿਲੀ। ਚਮਕੌਰ ਸਿੰਘ ਸੇਖੋਂ, ਨਵਦੀਪ ਗਿੱਲ ਅਤੇ ਜੁਗਰਾਜ ਸਿੰਘ ਨੇ ਕਿੱਸਾ ਸ਼ੀਰੀਂ ਫਰਿਹਾਦ ਵਿੱਚੋਂ ਰਸਭਿੰਨੀ ਕਵੀਸ਼ਰੀ ਪੇਸ਼ ਕਰਕੇ ਸਰੋਤਿਆਂ ਨੂੰ ਪੰਜਾਬੀ ਲੋਕ-ਵਿਰਸੇ ਨਾਲ ਜੋੜਿਆ। ਇਸ ਤੋਂ ਬਾਅਦ ਹੋਏ ਕਵੀ ਦਰਬਾਰ ਵਿੱਚ ਸਥਾਨਕ ਸ਼ਾਇਰਾਂ ਨੇ ਆਪਣੀਆਂ ਕਾਵਿ-ਰਚਨਾਵਾਂ ਪੇਸ਼ ਕਰਕੇ ਸਮਾਗਮ ਨੂੰ ਕਾਵਿਕ ਰੰਗ ਵਿੱਚ ਰੰਗ ਦਿੱਤਾ। ਗੁਰਦਰਸ਼ਨ ਸਿੰਘ ਬਾਦਲ, ਮੋਹਨ ਗਿੱਲ, ਹਰਚੰਦ ਸਿੰਘ ਗਿੱਲ, ਮਨਜੀਤ ਮੱਲ੍ਹਾ, ਹਰਦਮ ਸਿੰਘ ਮਾਨ, ਹਰਚਰਨ ਸਿੰਘ ਸੰਧੂ, ਗੁਰਮਿੰਦਰ ਸਿੱਧੂ, ਦਰਸ਼ਨ ਸੰਘਾ, ਪਲਵਿੰਦਰ ਰੰਧਾਵਾ, ਕਵਿੰਦਰ ਚਾਂਦ, ਇੰਦਰਜੀਤ ਧਾਮੀ, ਅਜਮੇਰ ਸਿੰਘ ਢਿੱਲੋਂ ਅਤੇ ਅਮਰਜੀਤ ਕੌਰ ਸਮੇਤ ਕਈ ਸ਼ਾਇਰਾਂ ਨੇ ਆਪਣੀਆਂ ਰਚਨਾਵਾਂ ਨਾਲ ਹਾਜਰੀ ਲਵਾਈ।

ਸਮਾਗਮ ਵਿੱਚ ਬਲਬੀਰ ਸਿੰਘ ਸੰਘਾ, ਜਸਵੀਰ ਭਲੂਰੀਆ, ਅੰਗਰੇਜ਼ ਬਰਾੜ, ਡਾ. ਸ਼ਿੰਦਰ ਪੁਰੇਵਾਲ ਅਤੇ ਡਾ. ਹਰਦੇਵ ਸਿੰਘ ਵਿਰਕ, ਗੁਰਸੇਵ ਪੰਧੇਰ, ਰਛਪਾਲ ਗਿੱਲ, ਨਿਰੰਜਨ ਲਹਿਲ, ਦਵਿੰਦਰ ਬਚਰਾ, ਬਲਬੀਰ ਸਿੰਘ ਗਰਚਾ, ਇੰਦਰਪਾਲ ਸੰਧੂ, ਬਿੱਕਰ ਸਿੰਘ ਖੋਸਾ ਸਮੇਤ ਵੱਡੀ ਗਿਣਤੀ ਵਿੱਚ ਸਾਹਿਤ ਪ੍ਰੇਮੀਆਂ ਦੀ ਸ਼ਮੂਲੀਅਤ ਨੇ ਸਮਾਗਮ ਨੂੰ ਹੋਰ ਵੀ ਸਾਰਥਕ ਅਤੇ ਪ੍ਰਭਾਵਸ਼ਾਲੀ ਬਣਾਇਆ।

ਸਮੁੱਚੇ ਸਮਾਗਮ ਦਾ ਮੰਚ ਸੰਚਾਲਨ ਸਭਾ ਦੇ ਸਕੱਤਰ ਪਲਵਿੰਦਰ ਸਿੰਘ ਰੰਧਾਵਾ ਨੇ ਬਾ-ਖ਼ੂਬੀ ਨਿਭਾਇਆ। ਉਨ੍ਹਾਂ ਨੇ ਸਮਾਗਮ ਦੇ ਵੱਖ-ਵੱਖ ਪੜਾਵਾਂ ਨੂੰ ਸੁਚੱਜੇ ਢੰਗ ਨਾਲ ਜੋੜਦਿਆਂ ਸਾਹਿਤਕ ਮਾਹੌਲ ਨੂੰ ਬਣਾਈ ਰੱਖਿਆ। ਅੰਤ ਵਿੱਚ ਸਭਾ ਦੇ ਪ੍ਰਧਾਨ ਪ੍ਰਿਤਪਾਲ ਗਿੱਲ ਨੇ ਸਮਾਗਮ ਵਿੱਚ ਸ਼ਾਮਲ ਹੋਈਆਂ ਸਮੂਹ ਸਾਹਿਤਕ ਸ਼ਖ਼ਸੀਅਤਾਂ, ਸ਼ਾਇਰਾਂ ਅਤੇ ਸਾਹਿਤ ਪ੍ਰੇਮੀਆਂ ਦਾ ਧੰਨਵਾਦ ਕੀਤਾ।

## ਬਾਬਾ ਫ਼ਰੀਦ ਆਗਮਨ-ਪੁਰਬ ਮੌਕੇ ਸਕੂਲੀ ਬੱਚਿਆਂ ਦੇ ਭਾਸ਼ਣ ਮੁਕਾਬਲੇ ਕਰਵਾਏ

### 23 ਸਤੰਬਰ ਨੂੰ ਜੇਤੂ ਵਿਦਿਆਰਥੀਆਂ ਨੂੰ ਇਨਾਮ ਤਕਸੀਮ ਕੀਤੇ ਜਾਣਗੇ : ਸਿਮਰਜੀਤ ਸਿੰਘ ਸੇਖੋਂ

ਵਰਲਡ ਪੰਜਾਬੀ ਟਾਈਮਜ਼ ਟਿੰਕੂ ਕੁਮਾਰ



ਫਰੀਦਕੋਟ, 17 ਸਤੰਬਰ : ਬਾਬਾ ਫਰੀਦ ਜੀ ਦੀ ਚਰਨਛੋਹ ਪ੍ਰਾਪਤ ਨਗਰੀ ਫਰੀਦਕੋਟ ਵਿਖੇ ਬਾਬਾ ਫਰੀਦ ਜੀ ਦੇ ਆਗਮਨ ਪੁਰਬ ਨੂੰ ਸਮਰਪਿਤ ਸਕੂਲੀ ਬੱਚਿਆਂ ਦੇ ਭਾਸ਼ਣ ਮੁਕਾਬਲੇ ਕਰਵਾਏ ਗਏ। ਬਾਬਾ ਫਰੀਦ ਧਾਰਮਿਕ ਤੇ ਵਿਦਿਅਕ ਸੰਸਥਾਵਾਂ ਦੇ ਪ੍ਰਧਾਨ ਸ. ਸਿਮਰਜੀਤ ਸਿੰਘ ਸੇਖੋਂ ਜੀ ਦੀ ਰਹਿਨੁਮਾਈ ਹੇਠ ਕਰਵਾਏ ਗਏ ਇਨ੍ਹਾਂ ਮੁਕਾਬਲਿਆਂ ਦੌਰਾਨ ਫ਼ਰੀਦਕੋਟ ਅਤੇ ਮੁਕਤਸਰ ਜ਼ਿਲ੍ਹਿਆਂ ਦੇ ਬਹੁਤ ਸਾਰੇ ਵਿਦਿਆਰਥੀਆਂ ਨੇ ਭਾਗ ਲਿਆ। ਉਹਨਾਂ ਜਾਣਕਾਰੀ ਦਿੰਦਿਆਂ ਦੱਸਿਆ ਕਿ ਅੱਜ ਦੇ ਇਹ ਮੁਕਾਬਲੇ ਬਾਬਾ ਫ਼ਰੀਦ ਜੀ ਦੇ ਜੀਵਨ, ਸਿਧਾਂਤਾਂ ਅਤੇ ਸ਼ਬਦਾਂ ‘ਤੇ ਅਧਾਰਿਤ ਸਨ, ਨਾਲ ਹੀ ਉਹਨਾਂ ਨੇ ਇਹ ਵੀ ਕਿਹਾ ਕਿ 17 ਸਤੰਬਰ ਨੂੰ ਸ਼ਬਦ ਗਾਇਣ ਮੁਕਾਬਲੇ ਵੀ ਬਾਬਾ ਫਰੀਦ ਜੀ ਦੇ ਸਲੋਕਾਂ ਤੇ ਹੀ ਅਧਾਰਿਤ ਹੋਣਗੇ। ਉਹਨਾਂ ਨੇ ਕਿਹਾ ਕਿ 16 ਸਤੰਬਰ ਦੇ ਭਾਸ਼ਣ ਮੁਕਾਬਲੇ ਵਿੱਚ ਵੀ ਵਿਦਿਆਰਥੀਆਂ ਨੇ ਉਚੇਰੀ ਸੂਝ-ਬੂਝ ਦਾ ਪ੍ਰਗਟਾਵਾ ਕਰਦਿਆਂ ਬਾਬਾ ਫ਼ਰੀਦ ਜੀ ਦੇ ਸੋਲਕਾਂ ਦੀ ਵਿਆਖਿਆ ਬਹੁਤ ਹੀ ਖੂਬਸੂਰਤ ਢੰਗ ਨਾਲ ਕੀਤੀ ਹੈ। ਸਾਰੇ ਮੁਕਾਬਲਿਆਂ ਦਾ ਨਤੀਜਾ ਮਿਤੀ 17 ਸਤੰਬਰ, ਦਿਨ ਬੁੱਧਵਾਰ ਨੂੰ ਐਲਾਨਿਆ ਜਾਵੇਗਾ ਅਤੇ 23 ਸਤੰਬਰ ਨੂੰ ਜੇਤੂ ਵਿਦਿਆਰਥੀਆਂ ਨੂੰ ਇਨਾਮ ਤਕਸੀਮ ਕੀਤੇ ਜਾਣਗੇ। ਜਿਸ ਵਿੱਚ ਪਹਿਲਾ ਦਰਜਾ 10,000/-, ਦੂਜਾ ਦਰਜਾ 7000/- ਅਤੇ ਤੀਜਾ ਦਰਜਾ 5000/- ਦੀ ਨਕਦ ਰਾਸ਼ੀ ਅਤੇ ਸਰਟੀਫਿਕੇਟ ਨਾਲ ਸਾਰੇ ਵਿਦਿਆਰਥੀਆਂ ਨੂੰ 23 ਸਤੰਬਰ ਨੂੰ ਗੁਰਦੁਆਰਾ ਗੋਦੜੀ ਸਾਹਿਬ ਦੇ ਦੀਵਾਨ ਹਾਲ ਵਿਖੇ ਸਨਮਾਨਿਤ ਕੀਤਾ ਜਾਵੇਗਾ। ਇਸ ਮੌਕੇ ਬਲਜਿੰਦਰਾ ਕਾਲਜ਼ ਦੇ ਰਿਟਾ. ਪ੍ਰਿੰਸੀਪਲ ਪ੍ਰੋ. ਦਲਬੀਰ ਸਿੰਘ ਅਤੇ ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ ਤੋਂ ਸ. ਕੁਲਦੀਪ ਸਿੰਘ ਨੇ ਬਤੌਰ ਜੱਜ ਭੂਮਿਕਾ ਨਿਭਾਈ। ਪ੍ਰਧਾਨ ਸ. ਸਿਮਰਜੀਤ ਸਿੰਘ ਸੇਖੋਂ ਜੀ ਨੇ ਆਏ ਹੋਏ ਜੱਜ ਸਾਹਿਬਾਨਾਂ, ਸਮੂਹ ਵਿਦਿਆਰਥੀਆਂ, ਵਿੱਦਿਅਕ ਅਦਾਰਿਆਂ ਦੇ ਮੁਖੀਆਂ ਦਾ ਧੰਨਵਾਦ ਕਰਦਿਆਂ ਆਪਣਾ ਅਸ਼ੀਰਵਾਦ ਦਿੱਤਾ। ਇਸ ਮੌਕੇ ਕਮੇਟੀ ਮੈਂਬਰਜ਼ ਸ. ਚਰਨਜੀਤ ਸਿੰਘ ਸੇਖੋਂ, ਸ. ਸੁਰਿੰਦਰ ਸਿੰਘ ਰੋਮਾਣਾ, ਡਾ. ਗੁਰਇੰਦਰ ਮੋਹਨ ਸਿੰਘ, ਸ. ਦੀਪਇੰਦਰ ਸਿੰਘ ਸੇਖੋਂ, ਸ. ਕੁਲਜੀਤ ਸਿੰਘ ਮੰਗੀਆ, ਸ. ਗੁਰਜਾਪ ਸਿੰਘ ਸੇਖੋਂ ਅਤੇ ਸ. ਨਰਿੰਦਰ ਪਾਲ ਸਿੰਘ ਬਰਾੜ ਵੀ ਹਾਜ਼ਰ ਸਨ।

## ਪਿੰਡ ਕੱਦੋਂ ’ਚ ਦੁੱਧ ਉਤਪਾਦਕ ਜਾਗਰੂਕਤਾ ਕੈਂਪ ਆਯੋਜਿਤ

ਵਰਲਡ ਪੰਜਾਬੀ ਟਾਈਮਜ਼



ਲੁਧਿਆਣਾ, 17 ਸਤੰਬਰ : ਪੰਜਾਬ ਸਰਕਾਰ ਦੇ ਪਸ਼ੂ ਪਾਲਣ, ਮੱਛੀ ਪਾਲਣ ਅਤੇ ਡੇਅਰੀ ਵਿਕਾਸ ਵਿਭਾਗ ਦੇ ਮੰਤਰੀ ਗੁਰਮੀਤ ਸਿੰਘ ਖੁੱਡੀਆਂ ਦੀ ਅਗਵਾਈ , ਡਾਇਰੈਕਟਰ, ਡੇਅਰੀ ਵਿਕਾਸ ਵਿਭਾਗ ਪੰਜਾਬ ਵਰਿਆਮ ਸਿੰਘ ਗਿੱਲ ਦੇ ਦਿਸ਼ਾ-ਨਿਰਦੇਸ਼ਾਂ ਅਤੇ ਜ਼ਿਲ੍ਹਾ ਲੁਧਿਆਣਾ ਦੇ ਡਿਪਟੀ ਡਾਇਰੈਕਟਰ ਡੇਅਰੀ ਵਿਕਾਸ ਦੀ ਯੋਗ ਅਗਵਾਈ ਹੇਠ ਅੱਜ ਪਿੰਡ ਕੱਦੋਂ, ਬਲਾਕ ਦੋਰਾਹਾ ਵਿਖੇ ਇੱਕ ਦਿਨਾ ਦੁੱਧ ਉਤਪਾਦਕ ਜਾਗਰੂਕਤਾ ਕੈਂਪ ਲਗਾਇਆ ਗਿਆ। ਕੈਂਪ ਦੌਰਾਨ ਸੀਨੀਅਰ ਵੈਟਰਨਰੀ ਅਫਸਰ ਡਾ. ਗੁਲਜ਼ਾਰ, ਪੀ.ਐਨ.ਬੀ. ਬੈਂਕ ਦੇ ਐਗਰੀਕਲਚਰ ਅਫਸਰ ਸ਼ੁਭਮ, ਡੇਅਰੀ ਵਿਕਾਸ ਇੰਸਪੈਕਟਰ ਅਗਮਪ੍ਰੀਤ ਕੌਰ, ਮਿਸ ਅੰਕਿਤ ਕਪੂਰ ਅਤੇ ਮਿਸ ਅਨੁਰਾਗਦੀਪ ਕੌਰ ਵੱਲੋਂ ਡੇਅਰੀ ਫਾਰਮਰਾਂ ਨੂੰ ਵਿਭਾਗ ਦੀਆਂ ਵੱਖ-ਵੱਖ ਗਤੀਵਿਧੀਆਂ ਅਤੇ ਸਕੀਮਾਂ ਬਾਰੇ ਜਾਣਕਾਰੀ ਦਿੱਤੀ ਗਈ।

ਇਸ ਤੋਂ ਇਲਾਵਾ ਪਸ਼ੂਆਂ ਦੀਆਂ ਬਿਮਾਰੀਆਂ ਤੋਂ ਬਚਾਅ, ਸੰਤੁਲਿਤ ਖੁਰਾਕ, ਪਸ਼ੂਆਂ ਦੀ ਸਾਂਭ-ਸੰਭਾਲ ਅਤੇ ਸਿਹਤ ਸੰਭਾਲ ਸਬੰਧੀ ਜਾਗਰੂਕ ਕੀਤਾ ਗਿਆ। ਡੇਅਰੀ ਫਾਰਮਰਾਂ ਨੂੰ ਕੈਟਲ ਸ਼ੈੱਡ, ਮਿਲਕਿੰਗ ਮਸ਼ੀਨ ਅਤੇ ਹੋਰ ਡੇਅਰੀ ਸਹਾਇਤਾ ਸਕੀਮਾਂ ਦੇ ਨਾਲ-ਨਾਲ ਡੇਅਰੀ ਕਰਜ਼ਾ ਕੇਸਾਂ ਸਬੰਧੀ ਵੀ ਜਾਣਕਾਰੀ ਦਿੱਤੀ ਗਈ। ਕੈਂਪ ਦੌਰਾਨ ਪਿੰਡ ਦੇ ਸਰਪੰਚ ਵੱਲੋਂ ਵਿਸ਼ੇਸ਼ ਤੌਰ ’ਤੇ ਸ਼ਿਰਕਤ ਕੀਤੀ ਗਈ। ਉਨ੍ਹਾਂ ਕੈਂਪ ਵਿੱਚ ਸ਼ਾਮਲ ਕਿਸਾਨਾਂ ਨਾਲ ਗੱਲਬਾਤ ਕੀਤੀ ਅਤੇ ਡੇਅਰੀ ਵਿਕਾਸ ਵਿਭਾਗ ਵੱਲੋਂ ਦਿੱਤੀ ਜਾ ਰਹੀ ਜਾਣਕਾਰੀ, ਸਹੂਲਤਾਂ ਅਤੇ ਸਕੀਮਾਂ ਬਾਰੇ ਜਾਣਕਾਰੀ ਹਾਸਲ ਕੀਤੀ। ਉਨ੍ਹਾਂ ਡੇਅਰ ਵਿਕਾਸ ਵਿਭਾਗ ਦੇ ਇਸ ਉਪਰਾਲੇ ਦੀ ਸ਼ਲਾਘਾ ਵੀ ਕੀਤੀ।

ਵਰਲਡ ਪੰਜਾਬੀ ਟਾਈਮਜ਼ 17 ਸਤੰਬਰ 2026 ਦਿਨ ਵੀਰਵਾਰ

## 17 ਤਰੀਕ ਨੂੰ ਅੱਸੂ ਦੀ ਸੰਗਰਾਂਦ ਹੈ ਜੀ।




ਵਰਲਡ ਪੰਜਾਬੀ ਟਾਈਮਜ਼
ਸੁਰਜੀਤ ਸਾਰੰਗ

ਸੰਗਰਾਂਦ ਦੇ ਅਰਥ:

ਸੰਗਰਾਂਦ = ਸੰਕ੍ਰਾਂਤੀ

ਜਦੋਂ ਸੂਰਜ ਇੱਕ ਰਾਸ਼ੀ ਤੋਂ ਦੂਜੀ ਰਾਸ਼ੀ ਵਿੱਚ ਪ੍ਰਵੇਸ਼ ਕਰਦਾ ਹੈ, ਉਸ ਦਿਨ ਨੂੰ ਸੰਗਰਾਂਦ ਕਹਿੰਦੇ ਹਨ ਜੀ।
ਦੇਸੀ ਮਹੀਨੇ ਦਾ ਇਹ ਪਹਿਲਾ ਦਿਨ ਹੁੰਦਾ ਹੈ ਜੀ।
ਇਸ ਲਈ 17 ਸਤੰਬਰ ਨੂੰ ਅੱਸੂ ਮਹੀਨਾ ਸ਼ੁਰੂ ਹੋਵੇਗਾ ਜੀ।

ਸੰਗਰਾਂਦ ਵਾਲੇ ਦਿਨ ਗੁਰਦੁਆਰਾ ਸਾਹਿਬ ਵਿੱਚ ਬਾਰਹ ਮਾਹਾ ਦੀ ਬਾਣੀ ਪੜ੍ਹੀ ਜਾਂਦੀ ਹੈ ਜੀ ਤੇ ਨਵੇਂ ਮਹੀਨੇ ਦੀ ਅਰਦਾਸ ਹੁੰਦੀ ਹੈ ਕਿ ਵਾਹਿਗੁਰੂ ਜੀ ਇਹ ਮਹੀਨਾ ਸੁੱਖ-ਸ਼ਾਂਤੀ ਨਾਲ ਲੰਘੇ ਜੀ।

ਗੁਰੂ ਅਰਜਨ ਦੇਵ ਜੀ ਨੇ ਸੰਗਰਾਂਦ ਬਾਰੇ ਬਾਣੀ ਵਿੱਚ ਵੀ ਕਿਹਾ ਹੈ:

ਬਾਰਹ ਮਾਹਾ ਮਾਂਝ ਮਹਲਾ ੫ ਘਰੁ ੪
ਕਿਰਤਿ ਕਰਮ ਕੇ ਵੀਛੁੜੇ ਕਰਿ ਕਿਰਪਾ ਮੇਲਹੁ ਰਾਮ ॥

## ਜਪਾਨੀਆਂ ਦੀ ਲੰਮੀ ਉਮਰ ਦਾ ਰਾਜ਼

ਵਰਲਡ ਪੰਜਾਬੀ ਟਾਈਮਜ਼
ਰਜਵਿੰਦਰ ਪਾਲ ਸ਼ਰਮਾ

ਧਰਤੀ ਤੇ ਜਨਮ ਦੇਣ ਵਾਲਾ ਮਨੁੱਖ ਹੋਵੇ ਜਾਂ ਹੋਰ ਕੋਈ ਬਾਸ਼ਿੰਦਾ ਉਹ ਮਰਨਾ ਨਹੀਂ ਚਾਹੁੰਦਾ,ਲੰਮੀ ਉਮਰ ਦੀ ਕਾਮਨਾ ਕਰਦਾ ਹੋਇਆ ਉਹ ਬਹੁਤ ਓਹੜ ਪੋਹੜ ਵੱਲ ਭੱਜਦਾ ਹੈ ਪ੍ਰੰਤੂ ਲੰਮੀ ਉਮਰ ਦਾ ਰਾਜ਼ ਜਾਣਨਾ ਹੋਵੇ ਤਾਂ ਜਪਾਨ ਦੇ ਲੋਕ ਸਾਡੇ ਸਾਹਮਣੇ ਜਿਉਂਦੀ ਜਾਗਦੀ ਉਦਾਹਰਨ ਹਨ।ਤੰਦਰੁਸਤ ਜੀਵਨ ਅਤੇ ਲੰਮੀ ਉਮਰ ਜਿਉਣ ਲਈ ਬਹੁਤੀਆਂ ਵਸਤਾਂ ਦੀ ਜ਼ਰੂਰਤ ਨਹੀਂ ਪੈਂਦੀ,ਲੋੜ ਹੁੰਦੀ ਹੈ ਤਾਂ ਆਪਣਿਆਂ ਦੇ ਸਾਥ ਅਤੇ ਚੰਗੀਆਂ ਆਦਤਾਂ ਦੀ।ਜਪਾਨ ਦੇ ਲੋਕਾਂ ਦਾ ਸੌ ਸਾਲ ਦੀ ਉਮਰ ਤੋਂ ਵੱਧ ਉਮਰ ਤੱਕ ਤੰਦਰੁਸਤੀ ਜੀਵਨ ਬਤੀਤ ਕਰਨਾ ਸਾਡੀ ਰੌਚਿਕਤਾ ਵਿੱਚ ਵਾਧਾ ਕਰਦਾ ਹੈ ਕਿ ਆਖਿਰ ਜਪਾਨ ਦੇ ਲੋਕ ਕੀ ਕਰਦੇ ਹਨ? ਜ਼ੋ ਲੰਮੀ ਉਮਰ ਤੱਕ ਜਿਉਣ ਦਾ ਉਹਨਾਂ ਕੋਲ ਹੁਨਰ ਹੈ। ਸਿਆਣੇ ਕਹਿੰਦੇ ਹਨ ਕਿ ਲੋੜਾਂ ਤਾਂ ਗਰੀਬ ਤੋਂ ਗਰੀਬ ਦੀਆਂ ਵੀ ਪੂਰੀਆਂ ਹੋ ਜਾਂਦੀਆਂ ਹਨ ਪ੍ਰੰਤੂ ਇੱਛਾਵਾਂ ਧਨੀ ਤੋਂ ਧਨੀ ਦੀਆਂ ਵੀ ਪੂਰੀਆਂ ਨਹੀਂ ਹੋ ਸਕਦੀਆਂ। ਪੈਸਾ,ਸਿਹਤ ਸਹੂਲਤਾਂ ਜੀਵਨ ਜਿਉਣ ਲਈ ਜ਼ਰੂਰੀ ਹਨ ਪ੍ਰੰਤੂ ਕੇਵਲ ਪੈਸੇ ਅਤੇ ਡਾਕਟਰੀ ਇਲਾਜ਼ ਦੇ ਸਿਰ ਤੇ ਲੰਮੀ ਉਮਰ ਜਿਉਣ ਦਾ ਫੈਸਲਾ ਨਹੀਂ ਕੀਤਾ ਜਾ ਸਕਦਾ, ਕੁੱਝ ਸਾਡਾ ਵੀ ਫਰਜ਼ ਬਣਦਾ ਹੈ ਆਪਣੀ ਸਿਹਤ ਲਈ ਕੁੱਝ ਸਾਡੀਆਂ ਵੀ ਆਪਣੇ ਸ਼ਰੀਰ ਪ੍ਰਤੀ ਜ਼ਿੰਮੇਵਾਰੀਆਂ ਹਨ ਜ਼ੋ ਸਾਨੂੰ ਬਾਖੂਬੀ ਨਿਭਾਉਣੀਆਂ ਚਾਹੀਦੀਆਂ ਹਨ।ਜਪਾਨ ਦੇ ਲੋਕ ਰਿਵਾਇਤੀ ਭੋਜ਼ਨ ਨੂੰ ਤਰਜ਼ੀਹ ਦਿੰਦੇ ਹਨ ਜ਼ੋ ਪੌਸ਼ਟਿਕ ਤੱਤਾਂ ਭਰਪੂਰ ਸਿਹਤ ਲਈ ਫਾਇਦੇਮੰਦ ਹੈ। ਆਪਣੇ ਆਪ ਨੂੰ ਵਧਦੀ ਉਮਰ ਵਿੱਚ ਵੀ ਚਲਦਾ ਫਿਰਦਾ ਰੱਖਣ ਲਈ ਪੈਦਲ ਚੱਲਣ,ਸਾਈਕਲ ਚਲਾਉਣ ਅਤੇ ਯੋਗ ਵਿਗਿਆਨ ਨੂੰ ਤਰਜ਼ੀਹ ਦਿੰਦੇ ਹਨ। ਮਾਨਸਿਕ ਤੰਦਰੁਸਤੀ ਲਈ ਜਪਾਨ ਦੇ ਲੋਕ ਕਿਤਾਬਾਂ ਪੜ੍ਹਨ ਦਾ ਸ਼ੌਂਕ ਰੱਖਦੇ ਹਨ। ਦੂਜਿਆਂ ਦੀ ਮਦਦ ਕਰਕੇ ਖੁਸ਼ੀ ਪ੍ਰਾਪਤ ਕਰਨਾ ਉਹਨਾਂ ਦੇ ਸੁਭਾਅ ਵਿੱਚ ਸ਼ਾਮਿਲ ਹੈ। ਜਪਾਨੀਆਂ ਦੀ ਮਿੱਠੀ ਬੋਲ ਬਾਣੀ ਹਰੇਕ ਵਿਅਕਤੀ ਦਾ ਦਿਲ ਜਿੱਤ ਲੈਂਦੀ ਹੈ। ਥੋੜੇ ਵਿੱਚ ਹੀ ਖੁਸ਼ ਰਹਿ ਕੇ ਵਾਹਿਗੁਰੂ ਦਾ ਸ਼ੁਕਰਾਨਾ ਕਰਨਾ ਕਿਸੇ ਕਲਾ ਤੋਂ ਘੱਟ ਨਹੀਂ।ਹੁਣ ਜਪਾਨ ਦੇ ਲੋਕਾਂ ਦੇ ਮੁਕਾਬਲੇ ਅਸੀਂ ਕਿੱਥੇ ਖੜ੍ਹੇ ਹਾਂ ਸਾਨੂੰ ਆਪਣੀ ਜੀਵਨਸ਼ੈਲੀ ਵੱਲ ਵੀ ਝਾਤੀ ਮਾਰਨ ਦੀ ਜ਼ਰੂਰਤ ਹੈ।ਬਦਲ ਰਹੀ ਜੀਵਨਸ਼ੈਲੀ ਨੇ ਸਿਹਤਮੰਦ ਜ਼ਿੰਦਗੀ ਵਿੱਚ ਨਿਘਾਰ ਲਿਆਂਦਾ ਹੈ।ਸਾਈਕਲ ਚਲਾਉਂਦਾ ਅਤੇ ਪੈਦਲ ਚੱਲਦਾ ਵਿਅਕਤੀ ਦੇਖਣਾ ਕਿਸੇ ਅਜੂਬਾ ਦੇਖਣ ਤੋਂ ਘੱਟ ਨਹੀਂ।ਰਵਾਇਤੀ ਪੌਸ਼ਟਿਕ ਭੋਜ਼ਨ ਦੀ ਬਜਾਏ ਚਰਬੀ ਨਾਲ ਲੱਦੇ ਮਸਾਲਿਆਂ ਭਰਪੂਰ ਭੋਜਨ ਸਾਡੀ ਥਾਲੀ ਦੀ ਸ਼ਾਨ ਵਧਾ ਰਹੇ ਹਨ।ਬਰਗਰ ਅਤੇ ਪੀਜ਼ੇ ਸਾਡੀਆਂ ਸੈਲਫੀਆ ਦੇ ਲਾਈਕ ਅਤੇ ਕੁਮੈਂਟ ਨੂੰ ਵਧਾ ਕੇ ਸਾਨੂੰ ਆਧੁਨਿਕਤਾ ਹੋਣ ਦਾ ਨਸ਼ਾ ਚੜ੍ਹਾ ਰਹੇ ਹਨ। ਕਿਤਾਬਾਂ ਤੇ ਪਈ ਹੋਈ ਧੂੜ ਬਿਮਾਰ ਮਾਨਸਿਕਤਾ ਦੀ ਨਿਸ਼ਾਨੀ ਹੈ।ਜਪਾਨ ਅਤੇ ਸਾਡੇ ਲੋਕਾਂ ਵਿਚਕਾਰ ਜ਼ਿਆਦਾ ਫ਼ਰਕ ਤਾਂ ਆਦਤਾਂ ਦਾ ਹੈ। ਜਪਾਨ ਦੀ ਤਰ੍ਹਾਂ ਚੰਗੀਆਂ ਆਦਤਾਂ ਅਪਣਾਕੇ ਅਸੀਂ ਵੀ ਲੰਮੀ ਅਤੇ ਸਿਹਤਮੰਦ ਜ਼ਿੰਦਗੀ ਦੀ ਕਾਮਨਾ ਕਰ ਸਕਦੇ ਹਾਂ।

## ਸਿਤਾਰ ਵਾਦਨ ਸੁਣਦਿਆਂ



ਵਰਲਡ ਪੰਜਾਬੀ ਟਾਈਮਜ਼
ਗੁਰਭਜਨ ਗਿੱਲ

ਸਿਤਾਰ ਪੋਟਿਆਂ ਨਾਲ ਨਹੀਂ,
ਆਂਦਰਾਂ ਦੇ ਸਾਥ ਨਾਲ ਵੱਜਦੀ ਹੈ ।
ਸੁਰ ਲਹਿਰੀਏ ਸਿਰਜਦੀ ਕੰਪਨ,
ਰੂਹ ਦਾ ਰਾਗ ਅਲਾਪਦੀ ।

ਕਣ ਕਣ ਵਿਸਮਾਦ ਘੋਲਦੀ ।
ਬ੍ਰਹਿਮੰਡ ਦੇ ਕੰਨ ਜਾਗਦੇ,
ਬਿਰਖ਼ ਝੂਮਦੇ ਸਰੋਤਿਆਂ ਹਾਰ ।
ਨੇਤਰ ਨਮ ਹੁੰਦੇ ਵੇਖੇ ਨੇ ਮੈਂ ।

ਤਾਰਾਂ ਕੋਲ,
ਆਂਦਰਾਂ ਜਿੰਨਾ ਦਰਦ ਹੁੰਦਾ ਹੈ ।
ਕਦੇ ਨਾ ਅੱਕਦੀਆਂ ।
ਕਦੇ ਨਾ ਥੱਕਦੀਆਂ ।
ਲੋਕਾਂ ਭਾਣੇ ਗਾਉਂਦੀਆਂ ।
ਉਹ ਤਾਂ ਦਰਦ ਸੁਣਾਉਂਦੀਆਂ ।
ਹੌਕਿਆਂ ਨੂੰ ਜੀਭ ਲਾਉਂਦੀਆਂ ।
ਅਣਕਿਹਾ ਸੁਣਾਉਂਦੀਆਂ !
ਬਹੁਤ ਕੁਝ ਸਮਝਾਉਂਦੀਆਂ ।

ਦਿਲ ਦੇ ਬਹੁਤ ਕਰੀਬ ਹੁੰਦਾ ਹੈ,
ਤਰਲ ਜਿਹਾ ਦਰਦ-ਨਿਵਾਸ ।
ਪਾਰੇ ਵਾਂਗ ਡੋਲਦਾ,
ਤਾਰਾਂ ਦੀ ਕੰਬਣੀ ਜਿਹਾ ਰਾਗਵੰਤਾ ।

ਤੁਸੀਂ ਕਦੇ ਝੀਲ ਦੇ
ਟਿਕੇ ਪਾਣੀਆਂ ਦੀ ਹਿੱਕ ਤੇ
ਠੀਕਰੀ ਕਾਤਰੀ ਵਾਂਗ ਚਲਾਈ ਹੈ ।
ਸ਼ਾਇਦ ਨਹੀਂ!
ਜੇ ਚਲਾਈ ਹੁੰਦੀ ਤਾਂ
ਨਿੱਤਰੇ ਪਾਣੀਆਂ ਤੇ,
ਨੱਚਦੀਆਂ ਸੁਰ ਲਹਿਰੀਆਂ ਨੂੰ,
ਤੁਸੀਂ ਝੱਟ ਪਛਾਣ ਲੈਣਾ ਸੀ ।

ਕਿ ਇਹ ਬਚਪਨ ਵੇਲੇ,
ਸਿਤਾਰ ਤੋਂ ਨਿੱਖੜੀਆਂ
ਜੌੜੀਆਂ ਭੈਣਾਂ ਨੇ ।
ਇੱਕੋ ਜਹੇ ਸੁਭਾਅ ਵਾਲੀਆਂ,
ਤਰਲ ਚੰਚਲ ਤਰਬਜ਼ਾਦੀਆਂ ।

ਮੈਨੂੰ ਸਿਤਾਰ ਵਾਦਨ ਸੁਣਨਾ,
ਬਹੁਤ ਚੰਗਾ ਲੱਗਦਾ ਹੈ ।
ਮੇਰੀਆਂ ਆਂਦਰਾਂ ਨਾਲ ਇਸ ਦਾ,
ਆਦਿ ਜੁਗਾਦੀ ਰਿਸ਼ਤਾ ਜਾਪਦਾ ਹੈ ।

ਮੇਰੇ ਲਈ ਸਿਤਾਰ
ਸਾਜ਼ ਨਹੀਂ,
ਧਰਤੀ ਦਾ ਰੂਹ ਵਾਦਨ ਹੈ ।
ਇਸ 'ਚ ਸ਼ਾਮਿਲ ਨੇ
ਮੇਰੀਆਂ ਤੇਰੀਆਂ,
ਸਭ ਦੀਆਂ ਆਂਦਰਾਂ ਦੀਆਂ ਡੋਰਾਂ ।

ਜੇ ਤੁਹਾਡੀ
ਆਂਦਰਾਂ ਦੀ ਡੋਰ ਜਿਉਂਦੀ ਹੈ,
ਤਾਂ ਤੁਸੀਂ ਸਿਤਾਰ ਨੂੰ,
ਸੁਣਨ ਲਈ ਬੈਠ ਜਾਵੋ ।
ਨਹੀਂ ਤਾਂ ਵਕਤ ਜ਼ਾਇਆ ਨਾ ਕਰੋ ।

ਆਪਣੇ ਜਿਸਮ 'ਚੋਂ ਨਿਕਲੋ!
ਇਹ ਸਾਜ਼
ਮੇਲੇ ਦੀ ਭੀੜ 'ਚ ਨਹੀਂ ਵੱਜਦਾ ।
ਖ਼ੁਦ 'ਚੋਂ ਸ਼ੋਰ ਖਾਰਜ ਕਰਕੇ
ਸੁਣਿਆ ਜਾਂਦਾ ਹੈ ਪਿਆਰਿਓ ।

## ਇਸ ਤੋਂ ਬਾਅਦ ਕੀ ਲਿਖਾਂ

ਵਰਲਡ ਪੰਜਾਬੀ ਟਾਈਮਜ਼
ਦਿਲਸ਼ਾਨ

ਮੈਂ ਬੜਾ ਕੁਝ ਲਿਖ ਦਿੱਤਾ ਹੈ, ਹੋਰ ਇਸ ਤੋਂ ਬਾਅਦ ਕੀ ਲਿਖਾਂ,
ਕਮਜ਼ੋਰ ਔਰਤ ਦੀ ਦਬੀ ਹੋਈ ਆਵਾਜ਼ ਕੀ ਲਿਖਾਂ,

ਵਾਤਾਵਰਣ, ਖੁਰਾਕ, ਪਾਣੀ ਸਾਫ਼ ਅਤੇ ਸ਼ੁੱਧ ਨਹੀਂ,
ਮੈਂ ਹੁਣ ਇਨਸਾਨ ਦੀ ਉਮਰ ਦਰਾਜ ਕੀ ਲਿਖਾਂ,

ਰਿਸ਼ਤਿਆਂ ਵਿੱਚ ਮੋਹ, ਪਿਆਰ ਨਾਂ ਰਹਿਣ ਕਰਕੇ,
ਜ਼ਿੰਦਗੀ ਦੇ ਵਜਦੇ ਹੋਏ ਬੇਸੁਰੇ ਸਾਜ਼ ਕੀ ਲਿਖਾਂ,

ਸਹੁਰਿਆਂ ਦੇ ਪਰਿਵਾਰ ਵਿੱਚ ਇੱਜ਼ਤ, ਮਾਣ ਦਾ ਨਾਂ ਮਿਲਣਾਂ,
ਗ਼ਰੀਬ ਨੇ ਧੀ ਨੂੰ ਦਿੱਤਾ ਹੋਇਆ ਘੱਟ ਦਾਜ ਕੀ ਲਿਖਾਂ,

ਹੱਦ ਤੋਂ ਵੱਧ ਮਹਿੰਗਾਈ ਹੋਣ ਕਰਕੇ ਕਰਜਦਾਰ ਪਰੇਸ਼ਾਨ ਹਨ,
ਮੂਲਧਨ ਤੋਂ ਵੀ ਵਧਦੇ ਜਾਂਦੇ ਅੱਜ-ਕੱਲ੍ਹ ਵਿਆਜ ਕੀ ਲਿਖਾਂ,

ਬੇਰੁਜ਼ਗਾਰ ਹੋਣ ਕਰਕੇ ਨੌਜਵਾਨ ਮੁੰਡੇ, ਕੁੜੀਆਂ ਜੋ ਵਿਹਲੇ ਰਹਿਣ ਲਈ ਮਜਬੂਰ ਹਨ,
ਕੋਈ ਲਾਭ ਨਾਂ ਹੋਣ ਕਰਕੇ ਰੁਕੇ ਹੋਏ ਕੰਮ ਕਾਜ ਕੀ ਲਿਖਾਂ,

ਮਾਤਾ-ਪਿਤਾ, ਭੈਣ-ਭਰਾ, ਚਾਚੇ-ਤਾਏ ਆਦਿ ਨੂੰ ਦੂਰ ਕਰਨ ਵਾਲ਼ੇ,
ਵਿਦੇਸ਼ਾਂ ਵੱਲ ਨੂੰ ਉੱਡੇ ਜਾਂਦੇ ਹਵਾਈ ਜਹਾਜ਼ ਕੀ ਲਿਖਾਂ,

ਰੇਹ, ਸਪਰੇਅ ਵਰਤਦੇ ਹਨ ਅੱਜਕਲ੍ਹ ਫ਼ਸਲ ਦੀ ਕਾਸ਼ਤ ਵਧਾਉਣ ਲਈ,
ਕਣਕ, ਝੋਨਾਂ, ਛੋਲੇ, ਮੂੰਗੀ ਆਦਿ ਅਨਾਜ ਕੀ ਲਿਖਾਂ।

ਸਿਹਤ ਨੂੰ ਨੁਕਸਾਨ ਪਹੁੰਚਾਈ ਜਾਣ ਜੋ ਵਸਤੂਆਂ ਤਾਕਤ ਦਿੰਦੀਆਂ ਸਨ,
ਠੰਢੇ ਅਤੇ ਗਰਮ, ਮਿੱਠੇ ਅਤੇ ਖੱਟੇ ਖਾਣੇ ਦਾ ਸਵਾਦ ਕੀ ਲਿਖਾਂ,

ਰੱਖਦੇ ਨੇ ਜੋ ਬੁਰੀ ਨਜ਼ਰ ਬੇਗਾਨੀ ਧੀ -ਭੈਣ ਦੇ ਘਰ ਵਿੱਚ ਆ ਕੇ,
ਉਹਨਾਂ ਯਾਰ ਗਦਾਰਾਂ ਨੂੰ ਮੈਂ ਬੇਈਮਾਨ, ਧੋਖੇਬਾਜ਼ ਕੀ ਲਿਖਾਂ,

ਰੱਬ ਦੀ ਰਜਾ ਦਾ ਕੋਈ ਭੇਤ ਨਹੀਂ ਜਾਣ ਸਕਦਾ ਇਸ ਦੁਨੀਆਂ ਵਿੱਚ,
'ਦਿਲਸ਼ਾਨ' ਕਹਿੰਦਾ ਹੈ ਹੁਣ ਮੈਂ ਆਪਣੀ ਔਕਾਤ ਤੇ ਮਿਆਦ ਕੀ ਲਿਖਾਂ।

## ਤੇ ਉਹ ਮੁਕਤ ਹੋਣਾ ਲੋਚਦੀ

ਵਰਲਡ ਪੰਜਾਬੀ ਟਾਈਮਜ਼
ਰਮਿੰਦਰ ਰੰਮੀ

ਤੇ ਉਹ ਮੁਕਤ ਹੋਣਾ ਲੋਚਦੀ ਹੈ ਹੁਣ
ਉਹਨਾਂ ਝੂਠੇ ਰੀਤੀ ਰਿਵਾਜ਼ਾਂ ਤੋਂ
ਖੋਖਲੇ ਰਿਸ਼ਤੇ ਨਾਤੇ ਤੋਂ
ਜਿਹਨਾਂ ਨੂੰ ਨਿਭਾਉਂਦੇ ਤਾਉਮਰ ਬੀਤ ਗਈ

ਕੀ ਮਿਲਿਆ ਜੀਵਨ ਭਰ ਦਾ ਦਰਦ
ਗਾਲਾਂ , ਤਿਰਸਕਾਰ , ਬੇਜ਼ਤੀ
ਮਿਹਨੇ , ਤਾਹਨੇ , ਮਾਰ ਕੁਟਾਈ
ਕੀ ਇਹ ਹੁੰਦਾ ਸ਼ਾਦੀ ਦਾ ਬੰਧਨ

ਐਨੀ ਵੱਡੀ ਸਜ਼ਾ ਉਹਨਾਂ ਰਸਮਾਂ ਦੀ
ਲਾਵਾਂ ਲੈਣ ਨਾਲ ਬੱਝ ਗਏ
ਇਕ ਝੂਠੇ ਬੰਧਨ ਵਿੱਚ
ਔਰਤ ਦਾ ਇਹ ਬਨਵਾਸ , ਉਮਰ ਕੈਦ

ਕਦੀ ਖਤਮ ਹੋਣ ਵਿੱਚ ਨਹੀਂ ਆਉਂਦੀ
ਜਿੱਥੇ ਮਰਦ ਵੱਲੋਂ ਤਾਹਨੇ ਦਿੱਤੇ ਜਾਂਦੇ ਨੇ
ਇਹ ਤੇਰੇ ਪਿਉ ਦਾ ਘਰ ਹੈ
ਪਾਗਲ , ਕਲਹਿਨੀ , ਨੌਕਰਾਨੀ

ਦੀਆਂ ਡਿਗਰੀਆਂ ਦਿੰਦੇ ਨੇ
ਪੈਸਾ ਧੇਲਾ ਕੀ ਦੇਣਾ ਹੈ
ਉਸਦੀ ਰੋਟੀਆਂ ਦੀ ਵੀ ਬੰਦਾ ਗਿਣਤੀ ਕਰੇ
ਸਾਰੀ ਉਮਰ ਖਾਂਦੀ ਆਈ ਕੀ ਦੇਣਾ

ਦੱਸੋ ਇਹ ਹੁੰਦਾ ਹੈ ਰਿਸ਼ਤਾ
ਪਤੀ ਪਤਨੀ ਦਾ
ਜਿਸਨੇ ਜਵਾਨੀ ਬਰਬਾਦ ਕਰ ਦਿੱਤੀ
ਘਰ ਨੂੰ ਬਣਾਉਂਦੇ , ਸੰਵਾਰਦੇ ਤੇ

ਰਿਸ਼ਤੇ ਨਿਭਾਉਂਦੇ ਹੋਏ
ਕੀ ਮਿਲਿਆ ਉਸਨੂੰ ਕੁਝ ਨਹੀਂ
ਨਾ ਉਸਦਾ ਕੋਈ ਘਰ , ਨਾ ਤਨਖਾਹ
ਲਾਲ ਚੂੜੇ ਤੇ ਲਾਵਾਂ ਦੀ ਐਨੀ ਵੱਡੀ ਸਜ਼ਾ

ਆਪਣੀਆਂ ਬਾਹਵਾਂ ਦੇਖਦੀ ਲੱਗਦਾ
ਅਜੇ ਵੀ ਲਾਲ ਚੂੜੇ ਦਾ ਰਕਤ ਚੋਅ
ਉਸਦੀ ਰੱਗ ਰੱਗ ਵਿੱਚ ਦੌੜ ਰਿਹਾ ਹੈ
ਲਾਲ ਚੂੜੇ ਦੇ ਜ਼ਖ਼ਮਾਂ ਨਾਲ

ਉਹ ਅਜੇ ਵੀ ਲਹੂ ਲੁਹਾਨ ਹੈ
ਜਿਸਮ ਵੱਲ ਦੇਖਦੀ , ਵੱਸਤਰਾਂ ਵੱਲ ਦੇਖਦੀ
ਨਫ਼ਰਤ ਨਾਲ ਭਰ ਜਾਂਦੀ
ਐਨੀ ਵੱਡੀ ਸਜ਼ਾ

ਕਿਉਂ ਨਹੀਂ ਮੁਕਤ ਕਰ ਸਕੀ
ਆਪਣੇ ਆਪ ਨੂੰ ਇਹਨਾਂ ਖੋਖਲੇ
ਰਸਮਾਂ ਰਿਵਾਜਾਂ ਤੋਂ
ਕਿਸਨੇ ਸਾਥ ਦਿੱਤਾ ਉਸਦਾ

ਕੌਣ ਬਣਿਆ ਉਸਦਾ ਆਪਣਾ
ਕੋਈ ਵੀ ਤੇ ਨਹੀਂ
ਹਰ ਔਰਤ ਇਕ ਮਾਂ ਹੈ , ਧੀ ਹੈ ,
ਭੈਣ ਹੈ , ਪਤਨੀ ਹੈ ਸੋਚੋ ਜ਼ਰਾ

ਕਿਸੇ ਨਾਲ ਵੀ ਇਸ ਤਰਾਂ ਹੋ ਸਕਦਾ ਹੈ
ਇਕ ਉਮਰ ਹੁੰਦੀ ਸਹਿਣ ਕਰਨ ਦੀ
ਜੱਦ ਸੱਭ ਜ਼ਿੰਮੇਵਾਰੀਆਂ ਨਿਭਾ ਚੁੱਕੀ ਹੈ
ਤੋੜ ਦੇਣਾ ਚਾਹੁੰਦੀ ਹੈ ਹੁਣ ਉਹ

ਇਹਨਾਂ ਝੂਠੇ ਰਸਮਾਂ ਰਿਵਾਜਾਂ ਨੂੰ ਤੇ ਹੁਣ
ਉਹ ਮੁਕਤ ਹੋਣਾ ਲੋਚਦੀ
ਤੇ ਉਹ ਮੁਕਤ ਹੋਣਾ ਲੋਚਦੀ ।